ਮਾਡਲ ਟੈਸਟ ਪੇਪਰ
ਕਲਾਸ-ਦਸਵੀਂ
ਸਮਾਜਿਕ ਸਿੱਖਿਆ
ਟਰਮ-2 (2021-22)

ਕੁੱਲ ਸਮਾਂ : 2ਘੰਟੇ 30 ਮਿੰਟ ਕੁੱਲ ਅੰਕ: 40

ਭਾਗ-ੳ

**ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ:** ਪ੍ਰਸ਼ਨ ਨੰਬਰ 1 ਵਿੱਚ 5 ਉਪ ਭਾਗ (ਪ੍ਰਸ਼ਨ) ਹਨ । ਹਰੇਕ ਪ੍ਰਸ਼ਨ 1 ਅੰਕ ਦਾ ਹੈ। ਹਰੇਕ ਪ੍ਰਸ਼ਨ ਦਾ ਉੱਤਰ ਇੱਕ ਸ਼ਬਦ ਜਾਂ ਇੱਕ ਵਾਕ ਵਿੱਚ ਹੋਣਾ ਚਾਹੀਦਾ ਹੈ। 5×1= 5

ਭਾਗ-ਅ

**ਛੋਟੇ ਉੱਤਰਾਂ ਵਾਲੇ ਪ੍ਰਸ਼ਨ:** ਪ੍ਰਸ਼ਨ ਨੰਬਰ 2 ਵਿੱਚ 5 ਉਪ ਭਾਗ (ਪ੍ਰਸ਼ਨ) ਹਨ ਜਿਨ੍ਹਾਂ ਵਿੱਚੋਂ ਹਰੇਕ ਪ੍ਰਸ਼ਨ 2 ਅੰਕ ਦਾ ਹੈ। ਹਰੇਕ ਪ੍ਰਸ਼ਨ ਦਾ ਉੱਤਰ 25-30 ਸ਼ਬਦਾਂ ਵਿੱਚ ਹੋਣਾ ਚਾਹੀਦਾ ਹੈ। 5×2=10

ਭਾਗ-ੲ

**ਵੱਡੇ ਉੱਤਰਾਂ ਵਾਲੇ ਪ੍ਰਸ਼ਨ:** ਪ੍ਰਸ਼ਨ ਨੰਬਰ 3 ਵਿੱਚ 6 ਉਪ ਭਾਗ (ਪ੍ਰਸ਼ਨ) ਹਨ ਜਿਨ੍ਹਾਂ ਵਿੱਚ ਹਰੇਕ ਪ੍ਰਸ਼ਨ 4 ਅੰਕ ਦਾ ਹੈ। ਵਿਦਿਆਰਥੀਆਂ ਨੇ 6 ਪ੍ਰਸ਼ਨਾਂ ਵਿੱਚੋਂ ਕੋਈ 4 ਪ੍ਰਸ਼ਨ ਕਰਨੇ ਹਨ। ਹਰੇਕ ਪ੍ਰਸ਼ਨ ਦਾ ਉੱਤਰ 80-100 ਸ਼ਬਦਾਂ ਵਿੱਚ ਹੋਣਾ ਚਾਹੀਦਾ ਹੈ। 4×4= 16

ਭਾਗ-ਸ

**ਸਰੋਤ (ਪੈਰਾ) ਅਧਾਰਤ ਪ੍ਰਸ਼ਨ:** ਪ੍ਰਸ਼ਨ ਨੰਬਰ 4 ਵਿੱਚ 3 ਉਪ ਭਾਗ ਹਨ (ਦਿੱਤੇ ਗਏ ਪਾਠਕ੍ਰਮ ਦੇ ਅਧਾਰ ਤੇ) ਹਰੇਕ ਪ੍ਰਸ਼ਨ 1 ਅੰਕ ਦਾ ਹੈ। 3×1=3

ਭਾਗ-ਹ

**ਨਕਸ਼ਾ:** ਪ੍ਰਸ਼ਨ ਨੰਬਰ 5 ਨਕਸ਼ੇ ਨਾਲ ਸਬੰਧਤ ਹੈ। ਵਿਦਿਆਰਥੀਆਂ ਨੇ ਭਾਰਤ ਦੇ ਨਕਸ਼ੇ ਅਤੇ ਵੰਡ ਤੋਂ ਪਹਿਲਾਂ ਦੇ ਪੰਜਾਬ ਦੇ ਨਕਸ਼ੇ ਵਿੱਚ ਅੱਠ ਵਿੱਚੋਂ ਛੇ ਸਥਾਨ ਭਰਨੇ ਹਨ। 3+3=6

**ਭਾਗ-(ੳ)**

I. ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਇੱਕ ਸ਼ਬਦ ਜਾਂ ਇੱਕ ਵਾਕ ਵਿੱਚ ਦਿਓ । ਹਰੇਕ ਪ੍ਰਸ਼ਨ ਇੱਕ ਅੰਕ ਦਾ ਹੈ।
   1. ਭਾਰਤ ਦਾ ਜਨਸੰਖਿਆਂ ਦੀ ਨਜ਼ਰ ਤੋਂ ਸੰਸਾਰ ਵਿਚ ਕੀ ਸਥਾਨ ਹੈ?
   2. ਲਿੰਗ-ਅਨੁਪਾਤ ਤੋਂ ਤੁਹਾਡਾ ਕੀ ਭਾਵ ਹੈ?
   3. ਲਘੂ ਉਦਯੋਗ ਦੀ ਇਕ ਸਮੱਸਿਆ ਲਿਖੋ।
   4. ਸਦਾ ਕੌਰ ਕੌਣ ਸੀ?

5. ਹਾਈ ਕੋਰਟ ਦੇ ਜੱਜਾਂ ਦਾ ਕਾਰਜ ਕਾਲ ਕਿੰਨਾਂ ਹੁੰਦਾ ਹੈ? (5x1=5)

## ਭਾਗ-(ਅ)

2. ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ 25-30 ਸ਼ਬਦਾਂ ਵਿੱਚ ਦਿਓ । ਹਰੇਕ ਪ੍ਰਸ਼ਨ ਦੋ ਅੰਕ ਦਾ ਹੈ।
   1. ਜੰਗਲਾਂ ਦੇ ਮੁੱਖ ਲਾਭ ਕੀ ਹਨ?
   2. ਪੰਜਾਬ ਵਿੱਚ ਖਣਿਜ ਪਦਾਰਥਾਂ ਦੇ ਨਾ ਮਿਲਣ ਦੇ ਕੀ ਕਾਰਨ ਹਨ?
   3. ਭਾਰਤ ਵਿੱਚ ਲਘੂ ਅਤੇ ਕੁਟੀਰ ਉਦਯੋਗਾਂ ਦਾ ਕੀ ਮਹੱਤਵ ਹੈ?
   4. ਮਹਾਰਾਜਾ ਦਲੀਪ ਸਿੰਘ ਬਾਰੇ ਤੁਸੀਂ ਕੀ ਜਾਣਦੇ ਹੋ?
   5. ਭਾਰਤ ਅਤੇ ਚੀਨ ਦੇ ਸਬੰਧਾਂ ਵਿੱਚ ਤਣਾਅ ਦੇ ਮੂਲ ਕਾਰਨ ਕਿਹੜੇ ਹਨ?

(5x2=10)

## ਭਾਗ-(ੲ)

3. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕੋਈ ਚਾਰ ਪ੍ਰਸ਼ਨਾਂ ਦੇ ਉੱਤਰ 80-100 ਸ਼ਬਦਾਂ ਵਿੱਚ ਦਿਓ। ਹਰੇਕ ਪ੍ਰਸ਼ਨ ਦੇ ਚਾਰ ਅੰਕ ਹਨ।
   1. ਕੁਦਰਤੀ ਬਨਸਪਤੀ ਦਾ ਦੇਸ਼ ਨੂੰ ਕੀ ਲਾਭ ਹੈ?
   2. ਦੇਸ਼ ਵਿਚ ਉਦਯੋਗੀਕਰਨ ਵਿੱਚ ਊਰਜਾ ਦਾ ਕੀ ਮਹੱਤਵ ਹੈ?
   3. ਹਰੀ ਕ੍ਰਾਂਤੀ ਤੋਂ ਤੁਸੀਂ ਕੀ ਸਮਝਦੇ ਹੋ? ਹਰੀ ਕ੍ਰਾਂਤੀ ਦੇ ਮੁੱਖ ਪ੍ਰਭਾਵ ਕੀ ਹਨ?
   4. ਜਲ੍ਹਿਆਂਵਾਲਾ ਬਾਗ ਦੀ ਦੁਰਘਟਨਾ ਦਾ ਵਰਨਣ ਕਰੋ।
   5. ਆਜ਼ਾਦ ਹਿੰਦ ਫੌਜ ਉੱਤੇ ਵਿਸਥਾਰ ਪੂਰਵਕ ਨੋਟ ਲਿਖੋ।
   6. ਭਾਰਤੀ ਲੋਕਤੰਤਰ ਦੇ ਸਰੂਪ ਉੱਤੇ ਨੋਟ ਲਿਖੋ।

(4x4=16)

## ਭਾਗ-(ਸ)

4. ਸਰੋਤ ਅਧਾਰਿਤ ਪ੍ਰਸ਼ਨ: (3X1=3)

1792 ਈ: ਵਿੱਚ ਮਹਾਂ ਸਿੰਘ ਅਕਾਲ ਚਲਾਣਾ ਕਰ ਗਿਆ। ਉਸ ਸਮੇਂ ਰਣਜੀਤ ਸਿੰਘ ਬਾਰਾਂ ਸਾਲਾਂ ਦਾ ਸੀ। ਨਾਬਾਲਗ ਹੋਣ ਕਰਕੇ ਰਾਜ ਦੀ ਵਾਗ-ਡੋਰ ਉਸਦੀ ਮਾਤਾ ਰਾਜ ਕੌਰ ਦੇ ਹੱਥਾਂ ਵਿੱਚ ਆ ਗਈ। ਉਸ ਨੇ ਰਾਜ ਪ੍ਰਬੰਧ ਦਾ ਸਾਰਾ ਕੰਮ ਸਰਦਾਰ ਲਖਪਤ ਰਾਏ ਦੇ ਹਵਾਲੇ ਕਰ ਦਿੱਤਾ। 1796 ਈ: ਵਿੱਚ ਰਣਜੀਤ ਸਿੰਘ ਦਾ ਵਿਆਹ ਹੋ ਗਿਆ। ਸਿੱਟੇ ਵਜੋਂ ਸ਼ੁਕਰਚੱਕੀਆ ਮਿਸਲ ਦੇ ਰਾਜ ਪ੍ਰਬੰਧ ਦੇ ਕੰਮ ਵਿੱਚ ਉਸਦੀ ਸੱਸ ਸਦਾ ਕੌਰ ਵੀ ਦਿਲਚਸਪੀ ਲੈਣ ਲੱਗ ਪਈ। ਇਸ ਤਰ੍ਹਾਂ 1792 ਈ: ਤੋਂ 1797 ਈ: ਤੱਕ, ਜਦ ਤੱਕ ਰਣਜੀਤ ਸਿੰਘ ਨਾਬਾਲਗ ਰਿਹਾ, ਸ਼ੁਕਰਚੱਕੀਆ ਮਿਸਲ ਦਾ ਰਾਜ ਪ੍ਰਬੰਧ ਰਾਜ ਕੌਰ, ਦੀਵਾਨ ਲਖਪਤ ਰਾਏ ਅਤੇ ਸਦਾ ਕੌਰ ਦੇ ਹੱਥ ਵਿੱਚ ਰਿਹਾ। ਇਸ ਲਈ ਇਸ ਕਾਲ ਨੂੰ "ਤਿਕੜੀ ਦੀ ਸਰਪ੍ਰਸਤੀ" ਦਾ ਕਾਲ ਵੀ ਕਿਹਾ ਜਾਂਦਾ ਹੈ। 1797 ਈ. ਵਿੱਚ ਜਦੋਂ ਰਣਜੀਤ ਸਿੰਘ 17 ਸਾਲ ਦਾ ਹੋਇਆ ਤਾਂ ਉਸਨੇ ਰਾਜ-ਪ੍ਰਬੰਧ ਦੀ ਵਾਗ-ਡੋਰ ਆਪਣੇ ਹੱਥਾਂ ਵਿੱਚ ਲੈ ਲਈ। ਰਾਜ ਕੌਰ ਅਤੇ ਦੀਵਾਨ ਲਖਪਤ ਰਾਏ ਦੀ ਮੌਤ ਹੋ ਗਈ। ਸਦਾ ਕੌਰ ਰਣਜੀਤ ਸਿੰਘ ਦੀਆਂ ਮੁੱਢਲੀਆਂ ਜਿੱਤਾਂ ਵਿੱਚ ਬੜੀ ਸਹਾਇਕ ਸਿੱਧ ਹੋਈ।

ਉੱਪਰ ਦਿੱਤੇ ਪੈਰ੍ਹੈ ਨੂੰ ਪੜ੍ਹ ਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ:-

1. ਮਹਾਰਾਜਾ ਰਣਜੀਤ ਸਿੰਘ ਕਿਸ ਮਿਸਲ ਨਾਲ ਸਬੰਧ ਰੱਖਦਾ ਸੀ?
2. 'ਤਿੱਕੜੀ ਦੀ ਸਰਪ੍ਰਸਤੀ' ਦਾ ਕਾਲ ਕਿਸਨੂੰ ਕਿਹਾ ਜਾਂਦਾ ਹੈ?
3. ਰਾਜ ਕੌਰ ਕੌਣ ਸੀ?

## ਭਾਗ-(ਹ)

5. (ੳ) ਭਾਰਤ ਦੇ ਨਕਸ਼ੇ ਵਿੱਚ ਕੋਈ ਤਿੰਨ ਸਥਾਨ ਦਿਖਾਓ: (3x1=3)

(1) ਕਣਕ ਉਤਪਾਦਨ ਦਾ ਕੋਈ ਇੱਕ ਖੇਤਰ

(2) ਕਪਾਹ ਉਤਪਾਦਨ ਦਾ ਕੋਈ ਇੱਕ ਖੇਤਰ

(3) ਕੋਲਾਰ ਸੋਨਾ ਖੇਤਰ

(4) ਵੱਧ ਜਨਸੰਖਿਆ ਦੀ ਘਣਤਾ ਵਾਲਾ ਰਾਜ

(ਅ) ਪੁਰਾਣੇ ਪੰਜਾਬ ਦੇ ਨਕਸ਼ੇ ਵਿੱਚ ਕੋਈ ਤਿੰਨ ਸਥਾਨ ਦਿਖਾਓ। (3x1=3)

(1) ਮੁਕਤਸਰ

(2) ਸਰਹਿੰਦ

(3) ਫਿਰੋਜ਼ਸ਼ਾਹ

(4) ਅਲੀਵਾਲ